**OFFICE OF EXECUTIVE ENGINEER, ESTATE**
**PATIALA CANAL CIRCLE, PATIALA**
**DEPARTMENT OF WATER RESOURCES PUNJAB**
**(email id- xenestateibpatiala@gmail.com)**

# ਨੋਟਿਸ ਬੋਲੀ

**ਮਿਤੀ 17-07-2024**

ਮਾਨਯੋਗ ਪ੍ਰਮੁੱਖ ਸਕੱਤਰ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੁਆਰਾ ਜਾਰੀ ਨੋਟਿਫਿਕੇਸ਼ਨ ਨੰਬਰ –WR-1WR04/11/2022-IW3/1/412032/2022 Dated 22-08-2022 ਅਤੇ WR-IRWR04/11/2022-IW3/2078 ਮਿਤੀ 13-06-2024 ਰਾਹੀਂ ਜਲ ਸਰੋਤ ਵਿਭਾਗ ਅਧੀਨ ਇਕ (1) ਏਕੜ ਤੋਂ ਵੱਧ ਜਮੀਨਾਂ ਨੂੰ ਲੀਜ਼ ਤੇ ਦੇਣ ਸਬੰਧੀ ਹਦਾਇਤਾਂ ਜਾਰੀ ਹੋਈਆਂ ਸੀ। ਇਹਨਾਂ ਹਦਾਇਤਾਂ ਦੀ ਪਾਲਣਾ ਵਿੱਚ ਇਸ ਦਫਤਰ ਅਧੀਨ ਹੇਠਾਂ ਦਰਸਾਈਆਂ ਗਈਆਂ ਜਮੀਨਾਂ ਨੂੰ ਖੁੱਲ੍ਹੀ ਬੋਲੀ ਰਾਹੀਂ ਇਕ ਸਾਲ ਲਈ ਅਤੇ ਮੱਛੀ ਪਾਲਣ ਲਈ ਕੁਝ ਜਮੀਨਾਂ ਨੂੰ ਸੱਤ ਸਾਲ ਲਈ ਲੀਜ ਤੇ ਦੇਣ ਲਈ ਖੁੱਲ੍ਹੀ ਬੋਲੀ ਰਾਹੀਂ ਲੀਜ ਤੇ ਦੇਣਾ ਹੈ। ਇਸ ਲਈ ਆਮ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਹੇਠਾ ਦਰਸਾਈ ਜਗਾਂ ਤੇ ਨਿਸ਼ਚਿਤ ਸਮੇਂ ਤੇ ਆ ਕੇ ਜਲ ਸਰੋਤ ਵਿਭਾਗ ਦੀਆਂ ਜਮੀਨਾਂ ਨੂੰ ਖੁਲੀ ਬੋਲੀ ਰਾਹੀਂ ਲੀਜ ਤੇ ਲੈ ਸਕਦੇ ਹਨ। ਜੇਕਰ ਇਸ ਮਿਤੀ ਨੂੰ ਸਰਕਾਰੀ ਛੁੱਟੀ ਹੋ ਜਾਂਦੀ ਹੈ ਜਾਂ ਕਿਸੇ ਅਣਸੁਖਾਵੀ ਘਟਨਾਂ ਕਾਰਨ ਬੋਲੀ ਨਹੀਂ ਹੋ ਪਾਉਂਦੀ ਤਾਂ ਇਸ ਸਬੰਧੀ ਬੋਲੀ ਦੀ ਮਿਤੀ ਅੱਗੇ ਨਿਸ਼ਚਿਤ ਕੀਤੀ ਜਾਵੇਗੀ। ਬੋਲੀ ਦੇਣ ਵਾਲੇ ਚਾਹਵਾਨਾ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਹ ਨਿਸਚਿਤ ਸਥਾਨ ਤੇ ਪਹੁੰਚ ਕੇ ਲਾਭ ਉਠਾਉਣ। ਬੋਲੀ ਕਰਵਾਉਣ ਦੀ ਮਿਤੀ ਦਿਨ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੈ :-

- **ਇੱਕ ਏਕੜ ਤੋ ਵੱਧ ਜਮੀਨਾਂ ਜੋ ਕਿ ਇੱਕ ਸਾਲ ਲਈ ਲੀਜ ਤੇ ਦੇਣ ਜਾਣ ਵਾਲੀਆਂ ਜਮੀਨਾਂ ਦਾ ਵੇਰਵਾ :-**

| ਲੜੀ ਨੰ | ਪਿੰਡ ਦਾ ਨਾਮ | ਹੱਦਬਸਤ ਨੰ | ਏਰੀਆ ਏਕੜਾਂ ਵਿੱਚ | ਨਿਰਧਾਰਿਤ ਕੀਤਾ ਗਿਆ ਰੇਟ (ਪ੍ਰਤੀ ਏਕੜ) | ਸਕਿਊਰਟੀ (ਰਕਮ) | ਬੋਲੀ ਦਾ ਸਮਾਂ | ਬੋਲੀ ਦੀ ਮਿਤੀ | ਬੋਲੀ ਦਾ ਸਥਾਨ |
|---|---|---|---|---|---|---|---|---|
| 1 | ਕੋਟੜਾ ਲੇਹਲ | 68/106 | 1.69 | 37260 | 4000 | 10:00 AM | 23-07-2024 | ਜਿਲੇਦਾਰੀ ਦਫਤਰ ਨਿਲੋਵਾਲ |
| 2 | ਸੰਗਤੀਵਾਲਾ | 36 | 1.7 | 48933 | 5000 | 10:00 AM | 23-07-2024 | ਜਿਲੇਦਾਰੀ ਦਫਤਰ ਨਿਲੋਵਾਲ |
| 3 | ਨੀਲੋਵਾਲ | 37/123 | 2.99 | 36734 | 4000 | 10:00 AM | 23-07-2024 | ਜਿਲੇਦਾਰੀ ਦਫਤਰ ਨਿਲੋਵਾਲ |
| 4 | ਛਾਜਲੀ | 36/614 | 6.375 | 48060 | 5000 | 10:00 AM | 23-07-2024 | ਜਿਲੇਦਾਰੀ ਦਫਤਰ ਨਿਲੋਵਾਲ |

- **ਮੱਛੀ ਪਾਲਣ ਲਈ ਸੱਤ ਸਾਲ ਲਈ ਲੀਜ ਤੇ ਦੇਣ ਜਾਣ ਵਾਲੀਆਂ ਜਮੀਨਾਂ ਦਾ ਵੇਰਵਾ :-**

| ਲੜੀ ਨੰ. | ਜਮੀਨ ਦਾ ਵੇਰਵਾ | ਲੰਬਾਈ (ਫੁੱਟ) | ਚੋੜਾਈ (ਫੁੱਟ) | ਡੂੰਘਾਈ (ਫੁੱਟ) | ਜਮੀਨ ਦਾ ਖੇਤਰਫਲ (ਏਕੜ) | ਰਾਖਵੀ ਕੀਮਤ (ਸਾਲਾਨਾ) (ਪ੍ਰਤੀ ਏਕੜ) | ਸਕਿਊਰਟੀ (ਰਕਮ) | ਬੋਲੀ ਦਾ ਸਮਾਂ | ਬੋਲੀ ਦੀ ਮਿਤੀ ਅਤੇ ਸਥਾਨ |
|---|---|---|---|---|---|---|---|---|---|
| 1 | ਅੜਕਵਾਸ | 220 | 161 | 6 | 0.81 acre | 10000 | 1000 | ਸਵੇਰੇ 11:00 ਵਜੇ | 23-07-2024 ਜਿਲੇਦਾਰੀ ਦਫਤਰ ਨਿਲੋਵਾਲ |
| 2 | ਸੰਗਤੀਵਾਲਾ | 165 | 115 | 8 | 0.435 acre | 10000 | 1000 | ਸਵੇਰੇ 11:00 ਵਜੇ | |
| 3 | ਕੋਟੜਾ ਲਹਿਲ | 240 | 130 | 7 | 0.716 acre | 10000 | 1000 | ਸਵੇਰੇ 11:00 ਵਜੇ | |

Scanned with CamScanner

| | | | | | | | | | |
|---|---|---|---|---|---|---|---|---|---|
| 4 | ਨੰਗਲਾ | 300 | 150 | 5 | 1.033 acre | 10000 | 1000 | ਸਵੇਰੇ 11:00 ਵਜੇ | 23-07-2024 ਜਿਲੇਦਾਰੀ ਦਫਤਰ ਨਿਲੋਵਾਲ |
| 5 | ਨੰਗਲਾ | 110 | 100 | 5.5 | 0.252 acre | 10000 | 1000 | ਸਵੇਰੇ 11:00 ਵਜੇ | |
| 6 | ਅਲੀਸਰ | 150 | 120 | 5 | 0.413 acre | 10000 | 1000 | ਸਵੇਰੇ 11:00 ਵਜੇ | |
| 7 | ਆਲਮਪੁਰ | 210 | 40 | 6.5 | 0.192 acre | 10000 | 1000 | ਸਵੇਰੇ 11:00 ਵਜੇ | |

ਸ਼ਰਤਾਂ :-

1. ਵਾਹੀਯੋਗ ਜਮੀਨ ਇੱਕ ਸਾਲ ਲਈ ਲੀਜ (ਠੇਕੇ) ਤੇ ਦਿੱਤੀ ਜਾਵੇਗੀ।
2. ਮੱਛੀ ਪਾਲਣ ਵਾਸਤੇ ਜਮੀਨ ਸੱਤ ਸਾਲ ਲਈ ਲੀਜ ਤੇ ਦਿੱਤੀ ਜਾਵੇਗੀ ਅਤੇ ਇਹਨਾਂ ਜਮੀਨਾਂ ਦੀ ਸਫਲ ਬੋਲੀ ਰਕਮ ਦੀ ਦਰ ਵਿੱਚ ਹਰ ਸਾਲ ਪਿਛਲੇ ਸਾਲ ਦੀ ਰਕਮ ਤੋਂ 5% ਦਾ ਵਾਧਾ ਕੀਤਾ ਜਾਵੇਗਾ ।
3. ਹਰ ਬੋਲੀਕਾਰ ਨੂੰ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਦੁਕਾਨਾ ਅਨੁਸਾਰ ਦੱਸੀ ਗਈ ਹੈ ਕੈਸ਼ ਦੇ ਤੋਰ ਤੇ ਜਮ੍ਹਾਂ ਕਰਾਉਣੀ ਪਾਉਗੀ । ਇਹ ਰਕਮ ਸਭ ਤੋਂ ਵੱਧ ਬੋਲੀ ਦੇਣ ਵਾਲੇ ਸਫਲ ਬੋਲੀਕਾਰੀ ਨੂੰ ਛੱਡ ਕੇ ਬਾਕੀ ਸਾਰੇ ਬੋਲੀਕਾਰਾਂ ਨੂੰ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਲਾਉਣ ਵਾਲੇ ਬੋਲੀਕਾਰ ਵਲੋਂ ਜਮਾਂ ਕੀਤੀ ਗਈ ਸੁਰੱਖਿਆ ਰਕਮ ਨੂੰ ਬੋਲੀ ਦੀ ਰਕਮ ਵਿੱਚ ਅਡਜਸ਼ਟ ਕਰ ਲਿਆ ਜਾਵੇਗਾ।
4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਹੋਣ ਤੇ ਬੋਲੀ ਦੀ 20 % ਰਕਮ Cash/Demand Draft ਦੇ ਰੂਪ ਵਿਚ ਮੌਕੇ ਤੇ ਜਾਂ 2 ਘੰਟੇ ਦੇ ਸਮੇਂ ਅੰਦਰ ਜਮ੍ਹਾਂ ਕਰਵਾਏਗਾ। ਅਜਿਹਾ ਕਰਨ ਵਿਚ ਅਸਫਲ ਰਹਿਣ ਦੀ ਸਥੀਤੀ ਵਿਚ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ ਬੋਲੀ ਦੀ ਰਕਮ ਜਮ੍ਹਾਂ ਨਹੀਂ ਕਰਵਾ ਦਿੰਦਾ।
5. ਸਫਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਰਕਮ ਦਾ 20 ਪ੍ਰਤੀਸ਼ਤ ਰਕਮ ਉਸੀ ਸਮੇਂ ਜਾਂ 2 ਘੰਟੇ ਅੰਦਰ ਜਮਾਂ ਕਰਵਾਉਣੀ ਪਵੇਗੀ ਅਤੇ ਬੋਲੀ ਦੀ ਬਾਕੀ ਰਕਮ ਮੰਨਜੂਰੀ ਤੋਂ ਬਾਅਦ ਇੱਕ ਹਫਤੇ ਦੇ ਅੰਦਰ ਅੰਦਰ ਜਮਾਂ ਕਰਵਾਉਣੀ ਯਕੀਨੀ ਹੋਵੇਗੀ। ਅਜਿਹਾ ਨਾ ਕਾਰਨ ਦੀ ਸੂਰਤ ਵਿੱਚ ਬੋਲੀਕਾਰ ਨੂੰ ਅਗਲੇ ਤਿੰਨ ਸਾਲ ਲਈ ਵਿਭਾਗ ਦੀਆਂ ਬੋਲੀਆਂ ਵਿੱਚ ਹਿੱਸਾ ਲੈਣ ਤੋ ਡੀਬਾਰ ਕਰ ਦਿੱਤਾ ਜਾਵੇਗਾ ।
6. ਬੋਲੀ ਮੰਨਜੂਰ ਕਰਨ ਦਾ ਹੱਕ ਵਿਭਾਗ ਕੋਲ ਰਾਖਵਾ ਹੋਵੇਗਾ ।
7. ਸਫਲ ਬੋਲੀਕਾਰ ਨੂੰ ਜਮੀਨ ਤੇ ਕਿਸੇ ਤਰਾਂ ਦਾ ਬਦਲਾਅ ਕੱਚੇ, ਪੱਕੇ ਸਟਰਕਚਰ ਦੀ ਉਸਾਰੀ ਕਰਨ ਜਾਂ ਦਰਖਤ ਆਦਿ ਨੂੰ ਪੱਟਣ ਦੀਆ ਮਨਾਹੀਂ ਹੋਵੇਗੀ। ਜੇਕਰ ਜਮੀਨ ਵਿੱਚ ਕਿਸੇ ਤਰ੍ਹਾ ਦਾ ਬਦਲਾਅ ਕਰਨ ਦੀ ਜਰੂਰਤ ਜਾਪਦੀ ਹੈ ਤਾ ਸਫਲ ਬੋਲੀਕਾਰ ਵੱਲੋਂ ਇਸ ਸਬੰਧੀ ਮੰਨਜੂਰੀ ਵਿਭਾਗ ਪਾਸੋ ਲੈਣੀ ਪਵੇਗੀ ।
8. ਸਫਲ ਬੋਲੀਕਾਰ ਵਾਹੀਯੋਗ ਜਮੀਨ ਨੂੰ ਹਾੜੀ ਦੀ ਫਸ਼ਲ ਤੋਂ ਬਾਅਦ ਬਿਨਾਂ ਕਿਸੇ ਨੋਟਿਸ ਤੋਂ ਜਮੀਨ ਨੂੰ ਖਾਲੀ ਕਰਨਾ ਹੋਵੇਗਾ।
9. ਸਫਲ ਬੋਲੀਕਾਰ ਨੂੰ ਗਿਰਦਾਵਰੀ ਵਿੱਚ ਆਪਣੇ ਨਾਮ ਤੇ ਜਮੀਨ ਪਵਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ
10. ਸਫ਼ਲ ਬੋਲੀਕਾਰ ਨੂੰ ਬੋਲੀ ਮੰਨਜੂਰ ਹੋਣ ਉਪਰੰਤ ਵਿਭਾਗ ਨਾਲ ਇਕਰਾਰ ਕਰਨਾ ਪਵੇਗਾ ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਨਹਿਰ ਹਲਕਾ ਪਟਿਆਲਾ,
ਜਲ ਸਰੋਤ ਵਿਭਾਗ,ਪੰਜਾਬ।

Scanned with CamScanner

ਪਿੱਠ ਅੰਕਣ ਨੰਬਰ : 566-77/2024

ਮਿਤੀ: 17 /07/2024

ਉਪਰੋਕਤ ਦਾ ਉਤਾਰਾ ਆਮ ਜਨਤਾ ਨੂੰ ਸੂਚਨਾਂ ਅਤੇ ਬੋਲੀ ਦੇਣ ਲਈ ਹੇਠ ਲਿਖਤ ਨੂੰ ਭੇਜਿਆ ਜਾਂਦਾ ਹੈ-

1। ਨਿਗਰਾਨ ਇੰਜੀਨੀਅਰ,ਪਟਿਆਲਾ ਨਹਿਰ ਹਲਕਾ ਜਲ ਸਰੋਤ ਵਿਭਾਗ, ਪੰਜਾਬ ਪਟਿਆਲਾ ।

2। ਨਿਗਰਾਨ ਇੰਜੀਨੀਅਰ, ਭਾਖੜਾ ਮੇਨ ਲਾਇਨ ਹਲਕਾ ਪਟਿਆਲਾ।

3। ਕਾਰਜਕਾਰੀ ਇੰਜੀਨੀਅਰ, ਮਾਨਸਾ/ ਬਰਨਾਲਾ/ ਸੰਗਰੂਰ ਨਹਿਰ ਅਤੇ ਗਰਾਉਂਡ ਵਾਟਰ ਮੰਡਲ ।

4. ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਮੰਡਲ ਨੂੰ ਲਿਖਿਆ ਜਾਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।

5. ਡਿਪਟੀ ਕਮਿਸ਼ਨਰ, ਪਟਿਆਲਾ/ਸੰਗਰੂਰ/ਮਾਨਸਾ।

6. ਮੁੱਖ ਦਫਤਰ ਚੰਡੀਗੜ ਜੀ ਨੂੰ ਬੋਲੀ ਨੋਟਿਸ .ਟੀ.ਆਈ ,ਕਾਰਜਕਾਰੀ ਇੰਜੀਨੀਅਰ https://irrigation.punjab.gov.in ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਦਾ ਹੈ।

7. ਸਮੂਹ ਉਪ ਮੰਡਲ ਅਫਸਰ, ਨਹਿਰ ਹਲਕਾ ਨੂੰ ਭੇਜ ਕੇ ਲਿਖਿਆ ਜਾਦਾ ਹੈ ਕਿ ਇਸ ਸਬੰਧਤ ਇਤਲਾਹ ਕੀਤੀ ਜਾਵੇ ।

8. ਆਮ ਜਨਤਾ ਲਈ ਨੋਟਿਸ ਬੋਰਡ।

17/7/24

ਕਾਰਜਕਾਰੀ ਇੰਜੀਨੀਅਰ/ਅਸਟੇਟ
ਨਹਿਰ ਹਲਕਾ ਪਟਿਆਲਾ,
ਜਲ ਸਰੋਤ ਵਿਭਾਗ,ਪੰਜਾਬ ।

Scanned with CamScanner